Australian Government

COVID-19 VACCINATION

# COVID-19 ਕੋਮੀਰਨਾਟੀ (ਫਾਈਜ਼ਰ) ਵੈਕਸੀਨ (ਟੀਕੇ) ਬਾਰੇ ਜਾਣਕਾਰੀ

ਆਖਰੀ ਵਾਰ ਅਪਡੇਟ ਕੀਤਾ ਗਿਆ: 15 ਸਤੰਬਰ 2021

## ਵੈਕਸੀਨ (ਟੀਕੇ) ਬਾਰੇ

**ਫਾਈਜ਼ਰ** ਇਕ ਵੈਕਸੀਨ ਹੈ, ਜੋ ਲੋਕਾਂ ਨੂੰ COVID-19 ਤੋਂ ਬਿਮਾਰ ਹੋਣ ਤੋਂ ਰੋਕ ਸਕਦਾ ਹੈ। ਦੋ ਖੁਰਾਕਾਂ ਦੀ ਲੋੜ ਹੁੰਦੀ ਹੈ, ਆਮ ਤੌਰ 'ਤੇ 3-6 ਹਫਤਿਆਂ ਦੇ ਫਰਕ ਨਾਲ ਦਿੱਤੀਆਂ ਜਾਂਦੀਆਂ ਹਨ। ਵਿਸ਼ੇਸ਼ ਹਾਲਾਤਾਂ ਵਿੱਚ ਅੰਤਰਾਲ ਵਧੇਰੇ ਹੋ ਸਕਦਾ ਹੈ। ਫਾਈਜ਼ਰ COVID-19 ਵੈਕਸੀਨ ਵਿੱਚ ਕੋਈ ਜਿਊਂਦਾ ਵਾਇਰਸ ਨਹੀਂ ਹੁੰਦਾ, ਅਤੇ ਇਹ ਤੁਹਾਨੂੰ COVID-19 ਨਾਲ ਬਿਮਾਰ ਨਹੀਂ ਕਰ ਸਕਦਾ। ਇਸ ਵਿੱਚ SARS-COV-2 ਵਾਇਰਸ ਦੇ ਇਕ ਮਹੱਤਵਪੂਰਣ ਹਿੱਸੇ ਵਾਸਤੇ ਆਣੁਵਾਂਸ਼ਿਕ ਕੋਡ ਸ਼ਾਮਲ ਹੁੰਦਾ ਹੈ ਜਿਸ ਨੂੰ ਸਪਾਈਕ ਪ੍ਰੋਟੀਨ ਕਹਿੰਦੇ ਹਨ। ਵੈਕਸੀਨ ਲਗਵਾਉਣ ਦੇ ਬਾਅਦ, ਤੁਹਾਡਾ ਸਰੀਰ ਸਪਾਈਕ ਪ੍ਰੋਟੀਨ ਦੀਆਂ ਹੋਰ ਨਕਲਾਂ ਬਣਾਉਂਦਾ ਹੈ। ਇਸ ਤੋਂ ਬਾਅਦ ਤੁਹਾਡੀ ਪ੍ਰਤੀਰੋਧਤਾ ਪ੍ਰਣਾਲੀ SARS-COV-2 ਵਾਇਰਸ ਦੀ ਪਛਾਣ ਕਰਨੀ ਅਤੇ ਲੜਨਾ ਸਿੱਖੇਗੀ, ਜੋ COVID-19 ਦਾ ਕਾਰਨ ਬਣਦਾ ਹੈ। ਅਣੂਵੰਸ਼ਿਕ ਕੋਡ ਨੂੰ ਸਰੀਰ ਦੁਆਰਾ ਤੇਜ਼ੀ ਨਾਲ ਤੋੜ ਦਿੱਤਾ ਜਾਂਦਾ ਹੈ।

ਟੀਕਾਕਰਣ ਸਵੈ-ਇੱਛਾ ਨਾਲ ਅਤੇ ਮੁਫ਼ਤ ਹੈ। ਤੁਸੀਂ ਵੈਕਸੀਨ ਲੈਣ ਤੋਂ ਪਹਿਲਾਂ ਆਪਣੇ ਟੀਕਾਕਰਨ ਪ੍ਰਦਾਤਾ ਜਾਂ ਆਪਣੇ ਡਾਕਟਰ (ਜੀ ਪੀ) ਨਾਲ COVID-19 ਵੈਕਸੀਨ ਬਾਰੇ ਤੁਹਾਡੇ ਕਿਸੇ ਸ਼ੰਕਿਆਂ ਜਾਂ ਸਵਾਲਾਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹੋ।

## ਵੈਕਸੀਨ ਦੇ ਲਾਭ

ਇਕ ਬਹੁਤ ਵੱਡੀ ਕਲੀਨਿਕੀ ਪਰਖ ਨੇ ਦਿਖਾਇਆ ਕਿ 12 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕਾਂ ਵਿੱਚ COVID-19 ਨੂੰ ਰੋਕਣ ਵਿੱਚ ਫਾਈਜ਼ਰ ਅਸਰਦਾਰ ਹੈ। ਜਿੰਨ੍ਹਾਂ ਲੋਕਾਂ ਨੂੰ ਫਾਈਜ਼ਰ ਦੀਆਂ ਦੋ ਖੁਰਾਕਾਂ ਦਿੱਤੀਆਂ ਗਈਆਂ ਸਨ, ਉਹਨਾਂ ਦੀ ਦੂਸਰੇ ਲੋਕਾਂ ਦੇ ਮੁਕਾਬਲੇ COVID-19 ਨਾਲ ਲੱਛਣ-ਯੁਕਤ ਬਿਮਾਰ ਹੋਣ ਦੀ ਸੰਭਾਵਨਾ 95 ਪ੍ਰਤੀਸ਼ਤ ਘੱਟ ਸੀ ਜਿੰਨ੍ਹਾਂ ਨੂੰ ਵੈਕਸੀਨ ਨਹੀਂ ਦਿੱਤਾ ਗਿਆ ਸੀ। ਇਹ 65 ਸਾਲ ਤੋਂ ਵੱਧ ਉਮਰ ਦੇ ਲੋਕਾਂ, ਦੇ ਨਾਲ ਨਾਲ ਕੁਝ ਪਹਿਲਾਂ ਤੋਂ ਮੌਜੂਦ ਡਾਕਟਰੀ ਸਮੱਸਿਆਵਾਂ ਵਾਲੇ ਲੋਕਾਂ ਵਿੱਚ ਵੀ ਓਨਾ ਹੀ ਅਸਰਦਾਰ ਸੀ।

COVID-19 ਦੇ ਖਿਲਾਫ ਸੁਰੱਖਿਆ ਪਹਿਲੀ ਖੁਰਾਕ ਦੇ ਲਗਭਗ 2-3 ਹਫਤਿਆਂ ਬਾਅਦ ਸ਼ੁਰੂ ਹੁੰਦੀ ਹੈ। ਹਾਲਾਂਕਿ ਇਕ ਖੁਰਾਕ ਕੁਝ ਸੁਰੱਖਿਆ ਦੇ ਸਕਦੀ ਹੈ, ਪਰ ਇਹ ਕੇਵਲ ਥੋੜ੍ਹੀ-ਮਿਆਦ ਵਾਸਤੇ ਹੀ ਰਹਿ ਸਕਦੀ ਹੈ। ਦੋ ਖੁਰਾਕਾਂ ਸਰਵੋਤਮ ਸੁਰੱਖਿਆ

ਪ੍ਰਦਾਨ ਕਰਨਗੀਆਂ। ਕੋਈ ਵੀ ਵੈਕਸੀਨ 100 ਪ੍ਰਤੀਸ਼ਤ ਅਸਰਦਾਰ ਨਹੀਂ ਹੁੰਦਾ ਹੈ, ਇਸ ਕਰਕੇ ਇਹ ਸੰਭਵ ਹੈ ਕਿ ਤੁਸੀਂ ਟੀਕਾਕਰਨ ਕਰਵਾਉਣ ਦੇ ਬਾਅਦ ਵੀ COVID-19 ਤੋਂ ਬਿਮਾਰ ਹੋ ਸਕਦੇ ਹੋ।

SARS-CoV-2 ਸੰਭਾਵਿਤ ਤੌਰ ਤੇ ਅਜੇ ਵੀ ਕਿਸੇ ਵੈਕਸੀਨ ਵਾਲੇ ਵਿਅਕਤੀ ਨੂੰ ਲਾਗ ਗ੍ਰਸਤ ਕਰ ਸਕਦਾ ਹੈ। ਭਾਂਵੇਂ ਕਿ ਉਹਨਾਂ ਵਿੱਚ ਕੋਈ ਲੱਛਣ ਨਹੀਂ ਹਨ ਜਾਂ ਕੇਵਲ ਹਲਕੇ ਲੱਛਣ ਹੀ ਹਨ, ਤਾਂ ਵੀ ਉਹ ਇਸ ਨੂੰ ਦੂਸਰੇ ਲੋਕਾਂ ਨੂੰ ਲਗਾ ਸਕਦੇ ਹਨ। ਹਾਲਾਂਕਿ, ਜੇ ਵਿਅਕਤੀ ਲਾਗ ਗ੍ਰਸਤ ਹੈ, ਤਾਂ ਇਸ ਸਮੇਂ ਆਸਟ੍ਰੇਲੀਆ ਵਿੱਚ ਵਰਤੇ ਜਾਂਦੇ COVID-19 ਟੀਕੇ, ਕਿਸੇ ਟੀਕੇ ਲੱਗੇ ਵਿਅਕਤੀ ਦੁਆਰਾ ਵਾਇਰਸ ਨੂੰ ਨਜ਼ਦੀਕੀ ਸੰਪਰਕਾਂ ਤੱਕ ਫੈਲਾਉਣ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਪ੍ਰਭਾਵਸ਼ਾਲੀ ਹਨ।

ਇਹੀ ਕਾਰਨ ਹੈ ਕਿ ਟੀਕਾਕਰਨ ਤੋਂ ਬਾਅਦ ਹੋਰ ਰੋਕਥਾਮ ਵਾਲੇ ਉਪਾਵਾਂ ਨੂੰ ਜਾਰੀ ਰੱਖਣਾ ਮਹੱਤਵਪੂਰਣ ਹੈ ਜਿਵੇਂ ਕਿ:

- ਸਰੀਰਕ ਦੂਰੀ
- ਹੱਥ ਧੋਣਾ
- ਚਿਹਰੇ ਵਾਲਾ ਮਾਸਕ ਪਹਿਨਣਾ
- COVID-19 ਟੈਸਟ ਕਰਵਾਉਣਾ ਅਤੇ ਤੁਹਾਡੇ ਰਾਜ/ਕੇਂਦਰੀ ਪ੍ਰਦੇਸ਼ ਦੀ ਲੋੜ ਅਨੁਸਾਰ ਕੁਆਰਨਟੀਨ ਕਰਨਾ/ਵੱਖਰੇ ਰਹਿਣਾ।

ਜੇ ਤੁਹਾਨੂੰ ਫਾਈਜ਼ਰ ਦੀਆਂ ਦੋ ਖੁਰਾਕਾਂ ਨਾਲ ਟੀਕੇ ਲਗਾਏ ਗਏ ਹਨ, ਤਾਂ ਤੁਹਾਨੂੰ ਫਿਰ ਵੀ COVID-19 ਲਈ ਟੈਸਟ ਕਰਵਾਉਣਾ ਚਾਹੀਦਾ ਹੈ, ਜੇਕਰ ਤੁਹਾਡੇ ਵਿੱਚ ਅਜਿਹੇ ਲੱਛਣ ਹਨ ਜੋ ਤੁਹਾਡੀ ਸਥਾਨਕ ਸਿਹਤ ਅਥਾਰਟੀ (ਜਿਵੇਂ ਕਿ ਬੁਖਾਰ, ਖਾਂਸੀ, ਗਲਾ ਦੁਖਣਾ) ਦੇ ਅਨੁਸਾਰ ਟੈਸਟ ਕਰਨ ਵਾਲੀਆਂ ਕਸੌਟੀਆਂ ਦੀ ਪੂਰਤੀ ਕਰਦੇ ਹੋ।

## ਇਹ ਵੈਕਸੀਨ (ਟੀਕਾ) ਕੌਣ ਲਗਵਾ ਸਕਦਾ ਹੈ

≥12 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਲੋਕ ਫਾਈਜ਼ਰ ਵੈਕਸੀਨ ਲਗਵਾ ਸਕਦੇ ਹਨ।

## ਕਿਸ ਨੂੰ ਇਹ ਵੈਕਸੀਨ (ਟੀਕਾ) ਨਹੀਂ ਲਗਵਾਉਣੀ ਚਾਹੀਦੀ

ਜੇ ਤੁਹਾਨੂੰ ਹੇਠ ਲਿਖਿਆ ਸੀ ਤਾਂ ਤੁਹਾਨੂੰ ਇਹ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ:

- mRNA COVID-19 ਵੈਕਸੀਨ (ਯਾਨੀ, ਫਾਈਜ਼ਰ ਜਾਂ ਸਪਾਈਕਵੈਕਸ (ਮੌਡਰਨਾ)) ਦੀ ਪਿਛਲੀ ਖੁਰਾਕ ਦੇ ਕਾਰਨ **ਐਨਾਫਾਈਲੈਕਸਿਸ** (ਤੀਬਰ ਐਲਰਜੀ ਵਾਲੀ ਪ੍ਰਤੀਕਿਰਿਆ ਦੀ ਕਿਸਮ) ਹੋਇਆ ਸੀ,
- **ਵੈਕਸੀਨ ਦੇ ਕਿਸੇ ਵੀ ਹਿੱਸੇ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਐਨਾਫਾਈਲੈਕਸਿਸ,** ਜਿਸ ਵਿੱਚ ਪੋਲੀਥੀਲੀਨ ਗਲਾਈਕੋਲ (PEG) ਵੀ ਸ਼ਾਮਲ ਹੈ
- **ਮਾਇਓਕਾਰਡਿਟਿਸ ਅਤੇ/ਜਾਂ** ਪੈਰੀਕਾਰਡਿਟਿਸ ਦਾ ਕਾਰਨ ਇੱਕ mRNA COVID-19 ਵੈਕਸੀਨ ਦੀ ਪਿਛਲੀ ਖੁਰਾਕ (ਯਾਨੀ, ਫਾਈਜ਼ਰ ਜਾਂ ਮੌਡਰਨਾ) ਹੈ
- **ਕੋਈ ਹੋਰ ਗੰਭੀਰ ਮਾੜੀ ਘਟਨਾ**, ਜੋ ਕਿਸੇ ਤਜਰਬੇਕਾਰ ਟੀਕਾਕਰਨ ਪ੍ਰਦਾਤੇ ਜਾਂ ਡਾਕਟਰੀ ਮਾਹਰ ਦੁਆਰਾ ਸਮੀਖਿਆ ਤੋਂ ਬਾਅਦ ਜਦੋਂ mRNA COVID-19 ਵੈਕਸੀਨ (ਯਾਨੀ, ਫਾਈਜ਼ਰ ਜਾਂ ਮੌਡਰਨਾ) ਦੀ ਪਿਛਲੀ ਖੁਰਾਕ ਲਈ ਗਈ ਸੀ ਅਤੇ ਕਿਸੇ ਹੋਰ ਕਾਰਨ ਦੀ ਪਛਾਣ ਨਹੀਂ ਕੀਤੀ ਗਈ ਸੀ

## ਟੀਕਾਕਰਨ ਵਾਸਤੇ ਸਾਵਧਾਨੀਆਂ

ਕੁਝ ਵਿਸ਼ੇਸ਼ ਅਵਸਥਾਵਾਂ ਵਾਲੇ ਲੋਕਾਂ ਨੂੰ ਵਧੀਕ ਸਾਵਧਾਨੀਆਂ ਦੀ ਲੋੜ ਪੈ ਸਕਦੀ ਹੈ, ਜਿਵੇਂ ਕਿ ਆਪਣੀ ਵੈਕਸੀਨ ਲੈਣ ਦੇ ਬਾਅਦ 30 ਮਿੰਟਾਂ ਤੱਕ ਦੇਖਭਾਲ ਲਈ ਉੱਥੇ ਰਹਿਣਾ, ਜਾਂ ਕਿਸੇ ਐਲਰਜੀ ਦੇ ਮਾਹਰ ਨਾਲ ਸਲਾਹ-ਮਸ਼ਵਰਾ ਕਰਨਾ। ਜੇ ਤੁਹਾਨੂੰ ਇਹ ਹੇਠ ਲਿਖੇ ਸਨ ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ:

- **ਪਿਛਲੀ ਖੁਰਾਕ** ਜਾਂ mRNA COVID-19 ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ **ਐਲਰਜੀ ਵਾਲੀ ਪ੍ਰਤੀਕਿਰਿਆ** (ਯਾਨੀ ਫਾਈਜ਼ਰ ਜਾਂ ਮੌਡਰਨਾ)
- **ਹੋਰ ਟੀਕਿਆਂ ਜਾਂ ਹੋਰ ਦਵਾਈਆਂ ਦੇ ਕਾਰਨ ਐਨਾਫਾਈਲੈਕਸਿਸ।** ਤੁਹਾਡਾ ਪ੍ਰਦਾਤਾ ਇਹ ਯਕੀਨੀ ਬਨਾਉਣ ਲਈ ਜਾਂਚ ਕਰ ਸਕਦਾ ਹੈ ਕਿ COVID-19 ਵੈਕਸੀਨ ਦੇ ਨਾਲ ਕੋਈ ਸਾਂਝੇ ਅੰਸ਼ ਨਹੀਂ ਹਨ, ਜੋ ਤੁਸੀਂ ਪ੍ਰਾਪਤ ਕਰ ਰਹੇ ਹੋ
- ਵਾਰ-ਵਾਰ ਐਨਾਫਾਈਲੈਕਸਿਸ ਹੋਣ ਦੇ ਨਾਲ ਮਾਸਟੋਸਾਈਟੋਸਿਸ ਦੀ ਪੁਸ਼ਟੀ ਹੋਈ ਜਿਸ ਲਈ ਇਲਾਜ ਕਰਵਾਉਣ ਦੀ ਲੋੜ ਪੈਂਦੀ ਹੈ।

ਜੇ **ਤੁਹਾਨੂੰ ਖੂਨ ਵਗਣ ਵਾਲੀ ਬਿਮਾਰੀ ਹੈ** ਜਾਂ ਤੁਸੀਂ **ਖੂਨ ਨੂੰ ਪਤਲਾ ਕਰਨ ਵਾਲੀ ਦਵਾਈ** (ਐਂਟੀਕੋਗੂਲੈਂਟ) **ਲੈ ਰਹੇ ਹੋ**, ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ। ਤੁਹਾਡਾ ਟੀਕਾਕਰਨ ਪ੍ਰਦਾਤਾ ਇਹ ਨਿਰਣਾ ਕਰਨ ਵਿੱਚ ਮਦਦ ਕਰ ਸਕਦਾ ਹੈ, ਕਿ ਕੀ ਤੁਹਾਡੇ ਵਾਸਤੇ ਮਾਸਪੇਸ਼ੀ ਵਿੱਚ ਟੀਕਾ ਲਗਾਉਣਾ ਸੁਰੱਖਿਅਤ ਹੈ, ਅਤੇ ਟੀਕੇ ਵਾਸਤੇ ਸਭ ਤੋਂ ਵਧੀਆ ਸਮੇਂ ਦਾ ਫੈਸਲਾ ਲੈ ਸਕਦਾ ਹੈ।

## ਟੀਕਾਕਰਨ ਤੋਂ ਪਹਿਲਾਂ ਵਿਚਾਰ-ਵਟਾਂਦਰਾ ਕਰਨ ਲਈ ਵਿਸ਼ੇਸ਼ ਹਾਲਾਤ

### ਫਾਈਜ਼ਰ ਲਈ ਸਾਵਧਾਨੀ ਵਰਤਣ ਵਾਲੇ ਹਾਲਾਤਾਂ ਵਾਲੇ ਲੋਕ

ਹੇਠ ਲਿਖੀਆਂ ਸਥਿਤੀਆਂ ਵਿੱਚੋਂ ਕਿਸੇ ਦੇ ਇਤਿਹਾਸ ਵਾਲੇ ਲੋਕ ਫਾਈਜ਼ਰ ਪ੍ਰਾਪਤ ਕਰ ਸਕਦੇ ਹਨ ਪਰ ਟੀਕਾਕਰਣ ਕਰਵਾਉਣ ਦੇ ਸਭ ਤੋਂ ਵਧੀਆ ਸਮੇਂ ਬਾਰੇ ਜੀਪੀ, ਟੀਕਾਕਰਨ ਮਾਹਰ ਜਾਂ ਦਿਲ ਦੇ ਰੋਗਾਂ ਦੇ ਮਾਹਰ ਤੋਂ ਸਲਾਹ ਮੰਗੀ ਜਾਣੀ ਚਾਹੀਦੀ ਹੈ ਅਤੇ ਕੀ ਕਿਸੇ ਵਾਧੂ ਸਾਵਧਾਨੀਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਤਾਜ਼ਾ (ਯਾਨੀ ਪਿਛਲੇ 6 ਮਹੀਨਿਆਂ ਦੇ ਅੰਦਰ) ਸੋਜਸ਼ ਵਾਲੀ ਦਿਲ ਦੀ ਬਿਮਾਰੀ। ਉਦਾਹਰਣ ਲਈ, ਮਾਇਓਕਾਰਡੀਟਿਸ, ਪੈਰੀਕਾਰਡੀਟਿਸ, ਐਂਡੋਕਾਰਡੀਟਿਸ
- ਤੀਬਰ ਰਿਉਮੈਟਿਕ ਬੁਖਾਰ (ਯਾਨੀ, ਕਿਰਿਆਸ਼ੀਲ ਮਾਇਓਕਾਰਡੀਅਲ ਸੋਜਸ਼ ਦੇ ਨਾਲ) ਜਾਂ ਤੀਬਰ ਰੀਉਮੈਟਿਕ ਦਿਲ ਦੀ ਬਿਮਾਰੀ
- ਦਿਲ ਫੇਲ੍ਹ ਹੋਣ ਦੇ ਲੱਛਣਾਂ ਦੀ ਤੀਬਰਤਾ।

### ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀਆਂ ਵਾਲੇ ਲੋਕ (ਪ੍ਰਤੀਰੋਧਤਾ ਪ੍ਰਣਾਲੀ ਦੀ ਕਮਜ਼ੋਰੀ)

ਪ੍ਰਤੀਰੋਧਤਾ ਪ੍ਰਣਾਲੀ ਦੀ ਕਮਜ਼ੋਰੀ ਵਾਲੇ ਲੋਕਾਂ ਵਿੱਚ ਉਹ ਲੋਕ ਸ਼ਾਮਲ ਹਨ ਜਿੰਨ੍ਹਾਂ ਨੂੰ ਕੋਈ ਡਾਕਟਰੀ ਸਮੱਸਿਆ ਹੈ, ਜੋ ਉਹਨਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੰਦੀ ਹੈ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਦਵਾਈਆਂ ਲੈ ਰਹੇ ਹੋ ਸਕਦੇ ਹਨ, ਜੋ ਉਹਨਾਂ ਦੀ ਪ੍ਰਤੀਰੋਧਤਾ ਪ੍ਰਣਾਲੀ ਨੂੰ ਦਬਾਅ ਦਿੰਦੀਆਂ ਹਨ।

ਆਸਟ੍ਰੇਲੀਆ ਦੀ ਸਰਕਾਰ ਪੁਰਜ਼ੋਰ ਸਿਫਾਰਸ਼ ਕਰਦੀ ਹੈ ਕਿ ਪ੍ਰਤੀਰੋਧਤਾ ਪ੍ਰਣਾਲੀ ਦੀ ਕਮਜ਼ੋਰੀ ਵਾਲੇ ਲੋਕਾਂ ਨੂੰ COVID-19 ਟੀਕਾਕਰਨ ਮਿਲੇ। ਫਾਈਜ਼ਰ ਕੋਈ ਜਿਉਂਦਾ ਵੈਕਸੀਨ ਨਹੀਂ ਹੈ। ਪ੍ਰਤੀਰੋਧਤਾ ਪ੍ਰਣਾਲੀ ਨੂੰ ਖਤਰੇ ਵਾਲੇ ਲੋਕਾਂ ਲਈ ਇਹ ਸੁਰੱਖਿਅਤ ਹੈ।

ਪ੍ਰਤੀਰੋਧਤਾ ਪ੍ਰਣਾਲੀ ਨੂੰ ਖਤਰੇ ਵਾਲੇ ਲੋਕਾਂ, ਜਿੰਨ੍ਹਾਂ ਵਿੱਚ HIV ਨਾਲ ਜੀਵਨ ਬਸਰ ਕਰ ਰਹੇ ਲੋਕ ਵੀ ਸ਼ਾਮਲ ਹਨ, COVID-19 ਤੋਂ ਗੰਭੀਰ ਬਿਮਾਰੀ ਦਾ ਵਧੇਰੇ ਖਤਰਾ ਹੁੰਦਾ ਹੈ, ਜਿਸ ਵਿੱਚ ਮੌਤ ਦਾ ਵਧੇਰੇ ਖਤਰਾ ਵੀ ਸ਼ਾਮਲ ਹੈ।

ਫਾਈਜ਼ਰ ਵਾਸਤੇ ਕਲੀਨਿਕੀ ਪਰਖਾਂ ਵਿੱਚ ਪ੍ਰਤੀਰੋਧਤਾ ਪ੍ਰਣਾਲੀ ਨੂੰ ਖਤਰੇ ਵਾਲੇ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ, ਸਿਵਾਏ ਟਿਕਵੀਂ HIV ਵਾਲੇ ਲੋਕਾਂ ਦੇ ਇਕ ਛੋਟੇ ਜਿਹੇ ਸਮੂਹ ਨੂੰ ਛੱਡ ਕੇ। ਅਸੀਂ ਨਹੀਂ ਜਾਣਦੇ ਕਿ ਕੀ ਫਾਈਜ਼ਰ ਬਾਕੀ ਆਬਾਦੀ ਦੇ ਮੁਕਾਬਲੇ ਪ੍ਰਤੀਰੋਧਤਾ ਪ੍ਰਣਾਲੀ ਨੂੰ ਖਤਰੇ ਵਾਲੇ ਲੋਕਾਂ ਲਈ ਉਨੀ ਅਸਰਦਾਰ ਹੈ ਜਾਂ ਨਹੀਂ। ਇਹ ਸੰਭਵ ਹੈ ਕਿ ਫਾਈਜ਼ਰ ਪ੍ਰਤੀਰੋਧਤਾ ਪ੍ਰਣਾਲੀ ਨੂੰ ਖਤਰੇ ਵਾਲੇ ਲੋਕਾਂ ਵਿੱਚ ਓਨੀ ਅਸਰਦਾਰ ਨਾ ਹੋਵੇ, ਜਿੰਨੀ ਕਿ ਆਮ ਆਬਾਦੀ ਵਿੱਚ ਹੁੰਦੀ ਹੈ। ਹੋਰ ਰੋਕਥਾਮ ਵਾਲੇ ਉਪਾਵਾਂ ਨੂੰ ਜਾਰੀ ਰੱਖਣਾ ਮਹੱਤਵਪੂਰਣ ਹੈ ਜਿਵੇਂ ਕਿ ਟੀਕਾਕਰਨ ਦੇ ਬਾਅਦ ਸਰੀਰਕ ਦੂਰੀ।

## ਉਹ ਔਰਤਾਂ ਜੋ ਗਰਭਵਤੀ ਹਨ ਜਾਂ ਛਾਤੀ ਦਾ ਦੁੱਧ ਚੁੰਘਾ ਰਹੀਆਂ ਹਨ

ਗਰਭ-ਅਵਸਥਾ ਦੇ ਕਿਸੇ ਵੀ ਪੜਾਅ 'ਤੇ ਔਰਤਾਂ ਅਤੇ ਕਿਸ਼ੋਰਾਂ ਨੂੰ ਜੋ ਗਰਭਵਤੀ ਹਨ, ਨੂੰ ਨਿਯਮਿਤ ਤੌਰ 'ਤੇ ਫਾਈਜ਼ਰ ਜਾਂ ਮੌਡਰਨਾ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਤੁਹਾਨੂੰ ਟੀਕਾਕਰਣ ਵਿੱਚ ਦੇਰੀ ਕਰਨ ਜਾਂ ਟੀਕਾਕਰਣ ਤੋਂ ਬਾਅਦ ਗਰਭਵਤੀ ਹੋਣ ਤੋਂ ਬਚਣ ਦੀ ਜ਼ਰੂਰਤ ਨਹੀਂ ਹੈ ।

COVID-19 ਵਾਲੀਆਂ ਗਰਭਵਤੀ ਔਰਤਾਂ ਵਿੱਚ ਗੰਭੀਰ ਬਿਮਾਰੀ ਅਤੇ ਗਰਭ-ਅਵਸਥਾ ਦੇ ਮਾੜੇ ਨਤੀਜੇ ਆਉਣ ਦਾ ਖਤਰਾ ਵੱਧ ਜਾਂਦਾ ਹੈ । ਅਸਲ-ਸੰਸਾਰ ਦੇ ਸਬੂਤਾਂ ਨੇ ਦਿਖਾਇਆ ਹੈ ਕਿ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਫਾਈਜ਼ਰ ਸੁਰੱਖਿਅਤ ਹੈ ।

ਜੇ ਤੁਸੀਂ ਛਾਤੀ ਦਾ ਦੁੱਧ ਚੁੰਘਾ ਰਹੇ ਹੋ, ਤਾਂ ਤੁਸੀਂ ਫਾਈਜ਼ਰ ਲਗਵਾ ਸਕਦੀ ਹੋ। ਤੁਹਾਨੂੰ ਟੀਕਾਕਰਨ ਦੇ ਬਾਅਦ ਛਾਤੀਆਂ ਦਾ ਦੁੱਧ ਚੁੰਘਾਉਣਾ ਬੰਦ ਕਰਨ ਦੀ ਲੋੜ ਨਹੀਂ ਹੈ।

## COVID-19 ਦੇ ਇਤਿਹਾਸ ਵਾਲੇ ਲੋਕ

ਜੇ ਤੁਹਾਨੂੰ ਪਹਿਲਾਂ COVID-19 ਹੋਇਆ ਹੈ, ਤਾਂ ਆਪਣੇ ਟੀਕਾਕਰਨ ਪ੍ਰਦਾਤਾ ਨੂੰ ਦੱਸੋ। COVID-19 ਟੀਕਾਕਰਨ ਨੂੰ ਉਹਨਾਂ ਲੋਕਾਂ ਵਿੱਚ ਤੀਬਰ ਬਿਮਾਰੀ ਤੋਂ ਬਾਅਦ ਛੇ ਮਹੀਨਿਆਂ ਤੱਕ ਮੁਲਤਵੀ ਕੀਤਾ ਜਾ ਸਕਦਾ ਹੈ ਜਿੰਨ੍ਹਾਂ ਨੂੰ SARSCoV-2 ਲਾਗ ਦੀ ਪੁਸ਼ਟੀ ਹੋਈ ਹੈ, ਕਿਉਂਕਿ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਪਹਿਲਾਂ ਲੱਗੀ ਲਾਗ, ਘੱਟੋ ਘੱਟ 6 ਮਹੀਨਿਆਂ ਦੇ ਸਮੇਂ ਲਈ ਮੁੜ ਲਾਗ ਲੱਗਣ ਦੇ ਖਤਰੇ ਨੂੰ ਘਟਾਉਂਦੀ ਹੈ। ਪਰ, ਟੀਕਾਕਰਨ ਉਦੋਂ ਸ਼ੁਰੂ ਹੋ ਸਕਦਾ ਹੈ ਜਦੋਂ ਉਹ ਲਾਗ ਦੇ ਲੱਛਣਾਂ ਤੋਂ ਠੀਕ ਹੋ ਜਾਂਦੇ ਹਨ। ਕੁਝ ਲੋਕਾਂ ਨੂੰ ਲਾਗ ਲੱਗਣ ਤੋਂ ਬਾਅਦ 6 ਮਹੀਨਿਆਂ ਤੋਂ ਪਹਿਲਾਂ ਟੀਕਾ ਲਗਾਉਣਾ ਵਾਜਬ ਹੈ। ਆਪਣੇ ਡਾਕਟਰ ਜਾਂ ਟੀਕਾਕਰਨ ਪ੍ਰਦਾਨ ਕਰਨ ਵਾਲੇ ਨਾਲ ਵਿਚਾਰ-ਵਟਾਂਦਰਾ ਕਰੋ। ਜੇ ਤੁਸੀਂ COVID-19 ਤੋਂ ਲਗਾਤਾਰ ਬਿਮਾਰ ਚੱਲ ਰਹੇ ਹੋ, ਤਾਂ ਆਪਣੇ ਇਲਾਜ ਕਰਨ ਵਾਲੇ ਡਾਕਟਰ ਨਾਲ ਵੈਕਸੀਨ ਦੇ ਸਭ ਤੋਂ ਵਧੀਆ ਸਮੇਂ ਬਾਰੇ ਵਿਚਾਰ-ਵਟਾਂਦਰਾ ਕਰੋ।

## ਫਾਈਜ਼ਰ ਅਤੇ ਬੱਚੇ

12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਵਰਤੋਂ ਲਈ ਫਾਈਜ਼ਰ ਨੂੰ ਆਰਜ਼ੀ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ, ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਹੀਂ ਦਿੱਤੀ ਜਾ ਸਕਦੀ ਹੈ।

## ਫਾਈਜ਼ਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ

ਵੈਕਸੀਨ ਖੋਜ ਵਾਸਤੇ ਵਧੀ ਹੋਈ ਮਾਲੀ ਸਹਾਇਤਾ, ਅਤੇ ਖੋਜ ਅਧਿਐਨਾਂ ਵਾਸਤੇ ਬਹੁਤ ਵੱਡੀ ਗਿਣਤੀ ਵਿੱਚ ਸਵੈਸੇਵਕਾਂ ਤੱਕ ਪਹੁੰਚ ਦੇ ਕਰਕੇ ਫਾਈਜ਼ਰ ਅਤੇ ਹੋਰ COVID-19 ਵੈਕਸੀਨਾਂ ਦਾ ਵਿਕਾਸ ਤੇਜ਼ੀ ਨਾਲ ਕੀਤਾ ਗਿਆ ਹੈ। ਇਕ ਵੱਡੀ ਕਲੀਨਿਕੀ ਪਰਖ ਜਿਸ ਵਿੱਚ ਲਗਭਗ 44,000 ਲੋਕ ਸ਼ਾਮਲ ਸੀ, ਨੇ ਫਾਈਜ਼ਰ ਦੀ ਸੁਰੱਖਿਅਤ ਅਤੇ ਅਸਰਦਾਰ ਹੋਣ ਦੀ ਪੁਸ਼ਟੀ ਕੀਤੀ।

ਥੈਰੇਪੂਟਿਕ ਗੁਡਸ ਐਡਮਿਨਿਸਟ੍ਰੇਸ਼ਨ ਆਸਟ੍ਰੇਲੀਆ ਵਿੱਚ ਸਾਰੀਆਂ ਵੈਕਸੀਨਾਂ ਦਾ ਮੁਲਾਂਕਣ ਕਰਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਕਿਸੇ ਵੈਕਸੀਨ ਨੂੰ ਮਨਜ਼ੂਰ ਕਰਨ ਲਈ ਇਹ ਸੁਰੱਖਿਅਤ, ਅਸਰਦਾਰ ਅਤੇ ਬਹੁਤ ਉੱਚ ਗੁਣਵੱਤਾ ਦੇ ਮਿਆਰ ਨਾਲ ਬਣਾਇਆ ਜਾਂਦਾ ਹੈ। COVID-19 ਵੈਕਸੀਨਾਂ ਦੀ ਮਨਜ਼ੂਰੀ ਵਾਸਤੇ ਪ੍ਰਕਿਰਿਆ ਦਾ ਵਿਸਥਾਰ TGA ਦੀ ਵੈੱਬਸਾਈਟ ਉੱਤੇ ਉਪਲਬਧ ਹੈ।

ਸਾਰੇ COVID-19 ਟੀਕਾਕਰਨ ਪ੍ਰੋਗਰਾਮ ਵਿੱਚ COVID-19 ਵੈਕਸੀਨਾਂ ਦੀ ਸੁਰੱਖਿਆ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇਗੀ।

COVID-19 ਦੀ ਵੈਕਸੀਨ ਐਸਟਰਾਜ਼ੈਨੇਕਾ ਲਗਵਾਉਣ ਤੋਂ ਬਾਅਦ ਖ਼ੂਨ ਵਿੱਚ ਪਲੇਟਲੇਟ ਦੀ ਘੱਟ ਗਿਣਤੀ ਦੇ ਨਾਲ ਖ਼ੂਨ ਦੇ ਗਤਲੇ ਹੋਣ ਦੀਆਂ ਬਹੁਤ ਦੁਰਲੱਭ ਬੁਰੇ ਅਸਰ ਦੀਆਂ ਰਿਪੋਰਟਾਂ ਆਈਆਂ ਹਨ। COVID-19 ਦੀ ਵੈਕਸੀਨ ਐਸਟਰਾਜ਼ੇਨੇਕਾ ਵੈਕਸੀਨ ਵੱਖਰੇ ਤਰੀਕੇ ਨਾਲ ਬਣਾਈ ਜਾਂਦੀ ਹੈ। ਇਸ ਸਮੱਸਿਆ ਨੂੰ ਫਾਈਜ਼ਰ COVID-19 ਵੈਕਸੀਨ ਦੇ ਕਰਕੇ ਹੋਣ ਦਾ ਕੋਈ ਸਬੂਤ ਨਹੀਂ ਹੈ।

ਤੁਸੀਂ ਆਪਣੇ ਟੀਕਾਕਰਨ ਪ੍ਰਦਾਤਾ ਜਾਂ ਹੋਰ ਸਿਹਤ-ਸੰਭਾਲ ਪੇਸ਼ੇਵਰ ਨੂੰ ਸ਼ੱਕੀ ਮਾੜੇ ਅਸਰਾਂ ਦੀ ਰਿਪੋਰਟ ਕਰ ਸਕਦੇ ਹੋ। ਫਿਰ ਉਹ ਤੁਹਾਡੇ ਵੱਲੋਂ, ਤੁਹਾਡੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਸਿਹਤ ਵਿਭਾਗ ਨੂੰ ਜਾਂ ਸਿੱਧੇ ਤੌਰ ਤੇ TGA ਨੂੰ ਰਸਮੀ ਰਿਪੋਰਟ ਕਰਨਗੇ।

ਜੇ ਤੁਸੀਂ ਖੁਦ ਇਸ ਦੀ ਰਿਪੋਰਟ ਕਰਨ ਨੂੰ ਤਰਜੀਹ ਦਿੰਦੇ ਹੋ, ਤਾਂ ਕਿਰਪਾ ਕਰਕੇ ਇਸ ਬਾਰੇ ਜਾਣਕਾਰੀ ਵਾਸਤੇ TGA ਦੀ ਵੈੱਬਸਾਈਟ ਉੱਤੇ ਜਾਓ ਕਿ COVID-19 ਵੈਕਸੀਨਾਂ ਨਾਲ ਜੁੜੇ ਸ਼ੱਕੀ ਮਾੜੇ ਅਸਰਾਂ ਦੀ ਰਿਪੋਰਟ ਕਿਵੇਂ ਕਰਨੀ ਹੈ।